ਜੋ ਵਿਅਕਤੀ ਕਿਸੇ ਨਮਾਜ਼ ਨੂੰ ਭੁਲ ਜਾਵੇ, ਤਾਂ ਉਹ ਉਸਨੂੰ ਉਸੇ ਵੇਲੇ ਪੜ੍ਹ ਲਵੇ, ਜਦੋਂ ਯਾਦ ਆ ਜਾਵੇ। ਇਸਤੋਂ ਇਲਾਵਾ ਉਸਦਾ ਕੋਈ ਕੱਫ਼ਾਰਾ (ਭਰਪਾਈ) ਨਹੀਂ ਹੈ

ਅਨਸ ਬਿਨ ਮਾਲਿਕ (ਰਜ਼ੀਅੱਲਾਹੁ ਅਨਹੁ) ਤੋਂ ਰਿਵਾਇਤ ਹੈ ਕਿ ਅੱਲਾਹ ਦੇ ਨਬੀ ▯ ਨੇ ਫਰਮਾਇਆ: "ਜੋ ਵਿਅਕਤੀ ਕਿਸੇ ਨਮਾਜ਼ ਨੂੰ ਭੁਲ ਜਾਵੇ, ਤਾਂ ਉਹ ਉਸਨੂੰ ਉਸੇ ਵੇਲੇ ਪੜ੍ਹ ਲਵੇ, ਜਦੋਂ ਯਾਦ ਆ ਜਾਵੇ। ਇਸਤੋਂ ਇਲਾਵਾ ਉਸਦਾ ਕੋਈ ਕੱਫ਼ਾਰਾ (ਭਰਪਾਈ) ਨਹੀਂ ਹੈ: {وَأَقِمِ الصَّلَاةَ لِذِكْرِي} (ਮੈਨੂੰ ਯਾਦ ਰੱਖਣ ਲਈ ਨਮਾਜ਼ ਕਾਇਮ ਕਰ।) [ਸੂਰਤ -ਤਾਹਾ : 14]।"

[صحيح] [متفق عليه]

ਅੱਲਾਹ ਦੇ ਨਬੀ ▯ ਨੇ ਦੱਸਿਆ ਹੈ ਕਿ ਜੋ ਵਿਅਕਤੀ ਕਿਸੇ ਨਮਾਜ਼ ਨੂੰ ਅਦਾ ਕਰਨਾ (ਪੜ੍ਹਨਾ) ਭੁਲ ਜਾਵੇ ਅਤੇ ਉਸਦਾ ਸਮਾਂ ਨਿੱਕਲ ਜਾਵੇ, ਤਾਂ ਉਸਨੂੰ ਯਾਦ ਆਉਂਦੇ ਹੀ ਤੁਰੰਤ ਉਸਦੀ ਕਜ਼ਾ (ਪ੍ਰਾਸ਼ਚਿਤ) ਕਰ ਲੈਣੀ ਚਾਹੀਦਾ ਹੈ। ਅਸਲ ਵਿੱਚ ਨਮਾਜ਼ ਨੂੰ ਸਮੇਂ ਸਿਰ ਨਾ ਪੜ੍ਹਨ ਦੇ ਗੁਨਾਹ ਨੂੰ ਮਿਟਾਉਣ ਦਾ ਤਰੀਕਾ ਇਸ ਦੇ ਸਿਵਾਏ ਹੋਰ ਕੁੱਝ ਨਹੀਂ ਹੈ ਕਿ ਉਸਨੂੰ ਯਾਦ ਆਉਂਦੇ ਹੀ ਪੜ੍ਹ ਲਿਆ ਜਾਵੇ। ਮਹਾਨ ਅੱਲਾਹ ਤਆਲਾ ਨੇ ਕੁਰਆਨ ਪਾਕ ਵਿੱਚ ਫਰਮਾਇਆ ਹੈ: "ਅਤੇ ਮੈਨੂੰ ਯਾਦ ਰੱਖਣ ਲਈ ਨਮਾਜ਼ ਕਾਇਮ ਕਰ।" [ਸੂਰਤ ਤਾਹਾ : 14] ਭਾਵ: ਭੁੱਲੀ ਹੋਈ ਨਮਾਜ਼ ਨੂੰ ਉਸੇ ਸਮੇਂ ਪੜ੍ਹ ਲਵੋ, ਜਦੋਂ ਯਾਦ ਆ ਜਾਵੇ।

http://www.sunnah.global/hadeeth/pa/show/65088